**FOR IMMEDIATE RELEASE** CITY OF SURREY

# MEDIA RELEASE

## ਅਸਥੀਆਂ ਵਹਾਉਣ ਦੀ ਸਾਈਟ ਸਬੰਧੀ ਸਪਸ਼ਟੀਕਰਣ

ਤੁਰੰਤ ਰਿਲੀਜ਼: 27 ਸਤੰਬਰ, 2024

**ਸਰੀ, ਬੀ.ਸੀ**. - ਸਰੀ ਵਿੱਚ ਅਸਥੀਆਂ ਪ੍ਰਾਹਉਣ ਦੀ ਸਾਈਟ ਦੀ ਪ੍ਰਵਾਨਗੀ ਅਤੇ ਸਥਾਪਨਾ ਬਾਰੇ ਗਲਤ ਜਾਣਕਾਰੀ ਫੈਲਾਈ ਗਈ ਹੈ। 2021 ਵਿੱਚ, ਸਾਬਕਾ ਮੇਅਰ ਡੱਗ ਮੈਕਲਮ ਦੇ ਪ੍ਰਸ਼ਾਸਨ ਦੇ ਅਧੀਨ, ਸਟਾਫ ਨੂੰ ਬ੍ਰਾਊਨਸਵਿਲੇ ਪਾਰਕ ਵਿੱਚ ਅਸਥੀਆਂ ਪ੍ਰਾਹਉਣ  ਲਈ ਇੱਕ ਪੀਅਰ ਬਣਾਉਣ ਦੀ ਸੰਭਾਵਨਾ ਬਾਰੇ, ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਨਾਲ ਮਿਲਣ ਲਈ ਕਿਹਾ ਗਿਆ ਸੀ। ਪਿਛਲੇ ਮੇਅਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ, ਫਾਈਵ ਰਿਵਰਜ਼ ਸੋਸਾਇਟੀ ਦੁਆਰਾ ਨਿੱਜੀ ਤੌਰ 'ਤੇ ਪੀਅਰ ਨੂੰ ਫੰਡ ਦੇਣੇ ਸੀ । ਜਦੋਂ ਕਿ ਹੋਰ ਵਿਚਾਰ-ਵਟਾਂਦਰੇ ਹੋਏ, ਪਰ ਪ੍ਰੋਜੈਕਟ ਨੂੰ ਫੰਡ ਦੇਣ ਬਾਰੇ ਕੋਈ ਸਮਝੌਤਾ ਨਹੀਂ ਸੀ ਹੋਇਆ।

ਇਹ ਜਾਨਣਾ ਮਹੱਤਵਪੂਰਨ ਹੈ ਕਿ ਪਿਛਲੀ ਕੌਂਸਲ ਦੁਆਰਾ, ਇਸ ਮੁੱਦੇ 'ਤੇ ਕਦੇ ਵੀ ਸਮੁੱਚੇ ਤੌਰ 'ਤੇ ਚਰਚਾ ਨਹੀਂ ਕੀਤੀ ਗਈ ਸੀ ਅਤੇ ਨਾ ਹੀ ਪਿਛਲੀ ਕੌਂਸਲ ਨੇ ਇਸ ਪ੍ਰੋਜੈਕਟ ਨੂੰ ਅੱਗੇ ਵਧਾਉਣ ਲਈ ਕੋਈ ਪ੍ਰਵਾਨਗੀ ਦਿੱਤੀ ਸੀ।

ਮੇਅਰ ਬਰੈਂਡਾ ਲੌਕ ਨੇ, ਸਟਾਫ ਨੂੰ ਇਸ ਬਾਰੇ ਸੂਬੇ ਨਾਲ ਗੱਲਬਾਤ ਕਰਨ ਦੇ ਹੁਕਮ ਦਿੱਤੇ ਸਨ  । ਸੂਬੇ ਨੇ ਸ਼ਹਿਰ ਨੂੰ ਸਲਾਹ ਦਿੱਤੀ ਹੈ ਕਿ ਇਸ ਮੰਤਵ ਲਈ ਇੱਕ ਸਮਰਪਿਤ ਡੌਕ ਦੀ ਲੋੜ ਹੈ। ਸਟਾਫ ਕੌਂਸਲ ਲਈ ਰਿਪੋਰਟ ਤਿਆਰ ਕਰ ਰਿਹਾ ਹੈ। ਰਿਪੋਰਟ ਅਸਥੀਆਂ ਨੂੰ ਵਹਾਉਣ ਦੀ ਆਗਿਆ ਦੇਣ ਲਈ ਲੋੜੀਂਦੇ ਕਦਮਾਂ ਦੀ ਰੂਪਰੇਖਾ ਅਤੇ ਪੀਅਰ ਦੇ ਨਿਰਮਾਣ ਲਈ ਲਾਗਤ ਦੇ ਅਨੁਮਾਨ ਦੀ ਰੂਪਰੇਖਾ ਦੇਵੇਗੀ। ਰਿਪੋਰਟ ਨੂੰ ਕੌਂਸਲ ਸਾਹਮਣੇ ਛੇਤੀ ਪੇਸ਼ ਕੀਤਾ ਜਾਵੇਗਾ ।

-30-

**ਮੀਡੀਆ ਇਨਕੁਆਰੀ:**

**ਪ੍ਰਭਜੋਤ ਕਾਹਲੋਂ**

ਮਲਟੀਕਲਚਰਲ ਮੀਡੀਆ ਰੀਲੈਸ਼ਨ ਲੀਡ

ਸਿਟੀ ਆਫ ਸਰੀ

Prabhjot.kahlon@surrey.ca
C :236-878-6263